ਭਾਰਤ-ਓਮਾਨ ਰਣਨੀਤਿਕ ਸਲਾਹਕਾਰ ਸਮੂਹ ਦੀ 15ਵੀਂ ਬੈਠਕ

ਭਾਰਤ-ਓਮਾਨ ਰਣਨੀਤਿਕ ਸਲਾਹਕਾਰ ਸਮੂਹ ਦਾ 15ਵਾਂ ਦੌਰ 7 ਅਕਤੂਬਰ 2026 ਨੂੰ ਨਵੀਂ ਦਿੱਲੀ ਵਿੱਚ ਆਯੋਜਿਤ ਕੀਤਾ ਗਿਆ ਸੀ। ਇਸ ਬੈਠਕ ਦੀ ਸਹਿ-ਪ੍ਰਧਾਨਗੀ ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਦੀ ਸਕੱਤਰ (ਸੀਪੀਵੀ ਅਤੇ ਓਆਈਏ) ਸ਼੍ਰੀਮਤੀ ਸ਼੍ਰੀਪ੍ਰਿਆ ਰੰਗਨਾਥਨ ਅਤੇ ਓਮਾਨ ਸਲਤਨਤ ਦੇ ਵਿਦੇਸ਼ ਮੰਤਰਾਲੇ ਦੇ ਰਾਜਨੀਤਿਕ ਮਾਮਲਿਆਂ ਦੇ ਉਪ ਸਕੱਤਰ ਮਹਾਮਹਿਮ ਸ਼ੇਖ ਖਲੀਫਾ ਬਿਨ ਅਲੀ ਅਲਹਾਰਥੀ ਨੇ ਕੀਤੀ।

2. ਬੈਠਕ ਦੌਰਾਨ, ਰਾਜਨੀਤਿਕ ਅਤੇ ਰਣਨੀਤਿਕ ਸਹਿਯੋਗ, ਵਪਾਰ ਅਤੇ ਨਿਵੇਸ਼, ਭਾਰਤ-ਓਮਾਨ ਵਿਆਪਕ ਆਰਥਿਕ ਸਾਂਝੇਦਾਰੀ ਸਮਝੌਤੇ ਨੂੰ ਲਾਗੂ ਕਰਨਾ, ਊਰਜਾ, ਰੱਖਿਆ ਅਤੇ ਸਮੁੰਦਰੀ ਸਹਿਯੋਗ, ਡਿਜ਼ੀਟਲ ਸਹਿਯੋਗ, ਸਿੱਖਿਆ, ਸੱਭਿਆਚਾਰ ਅਤੇ ਲੋਕਾਂ ਵਿਚਕਾਰ ਦੇ ਆਪਸੀ ਸੰਬੰਧਾਂ ਸਮੇਤ ਦੁਵੱਲੇ ਸੰਬੰਧਾਂ ਅਤੇ ਚੱਲ ਰਹੀਆਂ ਪਹਿਲਕਦਮੀਆਂ ਦੇ ਸਾਰੇ ਪਹਿਲੂਆਂ 'ਤੇ ਚਰਚਾ ਕੀਤੀ ਗਈ।

3. ਦੋਵਾਂ ਧਿਰਾਂ ਨੇ ਖੇਤਰੀ ਸੁਰੱਖਿਆ, ਸਮੁੰਦਰੀ ਸੁਰੱਖਿਆ ਅਤੇ ਹੋਰਮੁਜ਼ ਜਲਡਮਰੂ ਨਾਲ ਸੰਬੰਧਿਤ ਘਟਨਾਵਾਂ ਸਮੇਤ ਆਪਸੀ ਹਿੱਤਾਂ ਦੇ ਖੇਤਰੀ ਅਤੇ ਅੰਤਰਰਾਸ਼ਟਰੀ ਮੁੱਦਿਆਂ 'ਤੇ ਵੀ ਵਿਚਾਰ ਸਾਂਝੇ ਕੀਤੇ।

4. ਦੋਵਾਂ ਧਿਰਾਂ ਨੇ ਹਾਲ ਹੀ ਦੇ ਸਾਲਾਂ ਵਿੱਚ ਦੋਵਾਂ ਦੇਸ਼ਾਂ ਵਿਚਕਾਰ ਰਣਨੀਤਿਕ ਸਾਂਝੇਦਾਰੀ ਨੂੰ ਡੂੰਘਾ ਕਰਨ ਦਾ ਜ਼ਿਕਰ ਕੀਤਾ ਅਤੇ ਵੱਖ-ਵੱਖ ਖੇਤਰਾਂ ਵਿੱਚ ਦੁਵੱਲੇ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਲਈ ਆਪਣੀ ਵਚਨਬੱਧਤਾ ਦੀ ਪੁਸ਼ਟੀ ਕੀਤੀ।

ਨਵੀਂ ਦਿੱਲੀ

07 ਅਕਤੂਬਰ 2026